# ਬੱਚਿਆਂ ਲਈ ਬਾਈਬਲ

## ਉਪੱਸਥਿਤ



# ਲੜਕੀ ਜਿਸ ਨੂੰ ਦੋਬਾਰਾ ਜੀਵਣ ਮਿਲਿਆ


ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਦਲਿਆ ਗਿਆ : Ruth Klassen



ਕਹਾਣੀ 49 ਤ਼ 60

**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।



ਪੰਜ਼ਾਬੀ

Punjabi


ਜੈਰਸ ਇੱਕ ਯਹੂਦੀ ਧਾਰਮੀਕ ਅਗੂਵਾ ਜਿਹੜਾ ਪਰਮੇਸ਼ਵਰ ਦੀ ਅਰਾਧਨਾ ਕਰਦਾ ਅਤੇ ਦੂਸਰਿਆਂ ਨੂੰ ਪਰਮੇਸ਼ਵਰ ਦਾ ਵਚਨ ਸੁਣਾਉਦਾ ਸੀ। ਇੱਕ ਦਿਨ, ਭਿਆਨਕ ਮੁਸੀਬਤ ਜੈਰਸ ਤੇ ਆਈ। ਉਸਦੀ ਪਿਆਰੀ ਬੇਟੀ, ਜਿਹੜੀ ਸਿਰਫ਼ ਬਾਰਾਂ ਸਾਲ ਦੀ ਸੀ, ਬਿਮਾਰ ਹੋ ਗਈ।



1

ਇਓਂ ਹੋਇਆ ਕੇ ਕੋਈ ਉਸਦੀ ਮਦਦ ਨਹੀ ਕਰ ਪਾਇਆ। ਇਹ ਇੱਕ ਬੁਰੀ ਬਿਮਾਰੀ ਸੀ। ਜੈਰਸ ਜਾਣ ਗਿਆ ਕੀ ਲੜਕੀ ਮਰ ਰਹੀ ਸੀ।



2


ਸਿਰਫ਼ ਇੱਕ ਮਨੁੱਖ ਜੈਰਸ ਦੀ ਬੇਟੀ ਦੀ ਮਦਦ ਕਰ ਸਕਦਾ ਸੀ। ਜੈਰਸ ਯਿਸੂ ਨੂੰ ਲੱਭਣ ਲਈ ਬਾਹਰ ਗਿਆ ਅਤੇ ਉਸਨੂੰ ਵਾਪਸ ਆਪਣੇ ਘਰ ਲੈਕੇ ਆਇਆ।
3


ਲਗਭਗ ਜੈਰਸ ਜਾਣਦਾ ਸੀ ਕੀ ਉਸਦੇ ਧਾਰਮੀਕ ਦੋਸਤ ਯਿਸੂ ਨਾਲ ਸਹਿਮਤ ਨਹੀ ਹਨ। ਪਰ ਜੈਰਸ ਨੇ ਧਿਆਨ ਨਹੀ ਦਿੱਤਾ। ਉਸਦੀ ਬੇਟੀ ਦੇ ਮਰਨ ਤੋਂ ਪਹਿਲਾਂ ਉਸਨੂੰ ਕਿਸੇ ਦੀ ਮਦਦ ਚਾਹੀਦੀ ਸੀ।
4


ਜੈਰਸ ਨੇ ਵੇਖਿਆ ਕੀ ਯਿਸੂ ਲੋਕਾਂ ਨਾਲ ਚਾਰੇ ਪਾਸਿਓਂ ਘਿਰਿਆ ਸੀ। ਉਹ ਯਿਸੂ ਦੇ ਪੈਰਾਂ ਤੇ ਝੁਕਿਆ।
5


“ਮੇਰੀ ਛੋਟੀ ਬੇਟੀ ਮਰਨ ਦੇ ਕਿਨਾਰੇ ਹੈ,” ਉਸ ਨਿਰਾਸ਼ਾਜਨਕ ਮਨੁੱਖ ਨੇ ਭੀਖ ਮੰਗੀ। ਆਉ ਅਤੇ ਉਹਦੇ ਉੱਪਰ ਆਪਣੇ ਹੱਥਾਂ ਨੂੰ ਰੱਖੋ ਕੇ ਉਹ ਚੰਗੀ ਹੋ ਜਾਵੇ, ਅਤੇ ਉਹ ਜਿੰਦਾ ਹੋ ਜਾਵੇਗੀ।
6


ਯਿਸੂ ਜੈਰਸ ਦੇ ਨਾਲ ਗਿਆ। ਭੀੜ ਹੋਣ ਦੇ ਕਾਰਨ ਉਹ ਜਲਦੀ ਨਾ ਜਾ ਸਕੇ। ਇੱਕ ਔਰਤ ਜਿਹੜੀ ਬਾਰਾਂ ਵਰਿਆਂ ਤੋ ਬਹੁਤ ਬਿਮਾਰ ਸੀ। ਉਹ ਸਾਰੇ ਵੈਦਾਂ ਦੇ ਕੋਲ ਜਾ ਚੁੱਕੀ ਸੀ (ਅਤੇ ਆਪਣਾ ਸਾਰਾ ਪੈਸਾ ਖਤਮ ਕਰ ਚੁਕੀ ਸੀ) ਬਿਨਾਂ ਕਿਸੇ ਮਦਦ ਦੇ। ਉਹ ਕਿਵੇਂ ਵੀ ਯਿਸੂ ਨੂੰ ਦੇਖਣਾ ਚਾਹੁੰਦੀ ਸੀ!
7


ਔਰਤ ਕੀ ਕਰ ਸਕਦੀ ਸੀ? “ਜੇਕਰ ਮੈਂ ਉਸ ਦੇ ਕੱਪੜੇ ਨੂੰ ਛੂਹ ਲਵਾਂ ਤਾਂ ਚੰਗੀ ਹੋ ਜਾਵਾਂਗੀ,” ਔਰਤ ਨੇ ਧੀਮੀ ਆਵਾਜ ਵਿੱਚ ਕਿਹਾ। ਉਹ ਯਿਸੂ ਦੀ ਵੱਲ ਅੱਗੇ ਵਧੀ। ਤਦ ਆਪਣਾ ਹੱਥ ਵਧਾ ਕੇ, ਯਿਸੂ ਦੇ ਵਸਤਰ ਨੂੰ ਛੂਹ ਲਿਆ।
8


ਇੱਕ ਚਮਤਕਾਰ! ਇੱਕ
ਚਮਤਕਾਰ! ਔਰਤ
ਚੰਗੀ ਹੋ ਗਈ ਸੀ।
ਜਲਦ ਹੀ! ਪੂਰੀ ਤੁਰਾਂ!
ਉਹ ਜਾਣ ਗਈ ਮੈਂ
ਸੰਪੂਰਨ ਤਰੀਕੇ ਨਾਲ
ਠੀਕ ਅਤੇ ਮਜ਼ਬੂਤ ਹਾਂ।
ਪਰ ਤਦ ਇੱਕ ਆਵਾਜ
ਆਈ। “ਮੈਨੂੰ ਕਿਸਨੇ
ਛੂਹਿਆ ਹੈ?”
9


ਯਿਸੂ ਨੇ ਪੁੱਛਿਆ। ਭੀੜ
ਨੇ ਉਸ ਨੂੰ ਛੂਹਿਆ।
ਪਰ ਉਹ ਔਰਤ ਜਿਸ ਨੇ
ਚੰਗਾਈ ਪਾਈ ਸੀ ਜਾਣ
ਗਈ ਕੀ ਉਹ ਚਾਹੁੰਦਾ ਹੈ
ਮੈ ਇਸ ਦੇ ਬਾਰੇ ਉਸਨੂੰ
ਦੱਸਾਂ। ਡਰਦਿਆਂ
ਹੋਇਆ, ਉਸ ਨੇ ਉਸ
ਨੂੰ ਆਪਣੀ ਸਾਰੀ
ਕਹਾਣੀ ਦੱਸ ਦਿਤੀ।
10


ਉਸੇ ਵੇਲੇ ਜੈਰਸ ਦੇ ਘਰੋਂ
ਉਸਦੇ ਦਾਸ ਆਏ। ਉਹਨਾਂ
ਦੇ ਦੱਸਣ ਤੋਂ ਪਹਿਲਾਂ ਹੀ
ਉਹਨਾਂ ਦੇ ਚੇਹਰੇ ਦੁੱਖ ਭਰੀ
ਕਹਾਣੀ ਦੱਸ ਰਹੇ ਸਨ।
“ਤੇਰੀ ਬੇਟੀ ਮਰ ਗਈ ਹੈ!”
ਉਹਨਾਂ ਨੇ ਜੈਰਸ ਨੂੰ
ਆਖਿਆ। ਮਰ ਗਈ!
ਬਹੁਤ ਦੇਰ ਹੋ ਗਈ ਸੀ।
ਸ਼ਾਇਦ, ਜੇਕਰ ਉਹ ਔਰਤ
ਦੇਰ ਨਾ ਕਰਦੀ … ਸ਼ਾਇਦ,
ਜੇਕਰ … ਮਰ ਗਈ!
11


ਜੈਰਸ ਦੀ ਪਿਆਰੀ ਲੜਕੀ
ਚਲੀ ਗਈ ਸੀ। ਜਦ ਯਿਸੂ
ਨੇ ਇਹ ਸੁਣਿਆ, ਉਸਨੇ
ਉੱਤਰ ਦਿੱਤਾ, “ਨਾ ਡਰ;
ਸਿਰਫ਼ ਵਿਸ਼ਵਾਸ਼ ਕਰ, ਅਤੇ
ਉਹ ਠੀਕ ਹੋ ਜਾਵੇਗੀ।”
ਯਿਸੂ ਤੇ ਸੱਚ ਮੁੱਚ ਵਿਸ਼ਵਾਸ਼
ਕਰਨਾ ਜੈਰਸ ਲਈ ਕਿੰਨਾ
ਮੁਸ਼ਕਲ ਹੋਵੇਗਾ। ਉਸਦੀ
ਬੇਟੀ ਮਰ ਗਈ ਸੀ।
12


ਘਰ ਵਿੱਚ, ਸਾਰੇ ਲੋਕ ਰੋ ਰਹੇ ਸਨ ਅਤੇ ਉਸ ਲੜਕੀ ਲਈ ਅਫ਼ਸੋਸ ਕਰ ਰਹੇ ਸਨ। “ਉਹ ਮਰੀ ਨਹੀ ਹੈ ਪਰ ਸੋ ਰਹੀ ਹੈ,” ਯਿਸੂ ਨੇ ਉਹਨਾਂ ਨੂੰ ਕਿਹਾ। ਉਹ ਉਸ ਉੱਤੇ ਹੱਸੇ। ਉਹ ਜਾਣਦੇ ਸਨ ਕੇ ਲੜਕੀ ਮਰ ਗਈ ਹੈ।
13


ਯਿਸੂ ਨੇ ਸਾਰਿਆਂ ਨੂੰ ਬਾਹਰ ਕੱਢ ਦਿੱਤਾ, ਲੜਕੀ ਦੇ ਹੱਥ ਨੂੰ ਲਿਆ ਅਤੇ ਕਿਹਾ, “ਛੋਟੀ ਲੜਕੀ, ਖੜੀ ਹੋ ਜਾਹ।” ਜੈਰਸ ਉੱਥੇ ਸੀ। ਉਸਦੀ ਪਤਨੀ ਉੱਥੇ ਸੀ।
14

ਯਿਸੂ ਦੇ ਤਿੰਨ ਚੇਲੇ ਉੱਥੇ ਸਨ। ਉਹਨਾਂ ਸਾਰਿਆਂ ਨੇ ਯਿਸੂ ਦੇ ਸ਼ਬਦਾਂ ਨੂੰ ਸੁਣਿਆ। ਕੀ ਉਸ ਮਰੀ ਹੋਈ ਛੋਟੀ ਲੜਕੀ ਨੇ ਵੀ ਉਹਨਾਂ ਨੂੰ ਸੁਣਿਆ?



15

ਮਰੀ ਹੋਈ ਲੜਕੀ ਨੇ ਯਿਸੂ ਦੀ ਆਗਿਆ ਨੂੰ ਸੁਣਿਆ! ਉਸਦੀ ਆਤਮਾਂ ਵਾਪਸ ਆ ਗਈ, ਅਤੇ ਉਹ ਜਲਦ ਹੀ ਖੜੀ ਹੋ ਗਈ। ਯਿਸੂ ਨੇ ਉਸ ਨੂੰ ਮੁਰਦਿਆਂ ਵਿੱਚੋਂ ਜਿੰਦਾ ਕੀਤਾ ਸੀ।



16

ਲੜਕੀ ਦੇ ਪਰਿਵਾਰ ਵਾਲੇ ਹੈਰਾਨ ਸਨ। ਯਿਸੂ ਨੇ ਉਹਨਾਂ ਨੂੰ ਕਿਹਾ ਲੜਕੀ ਨੂੰ ਕੁਝ ਖਾਣ ਲਈ ਦਿਉ।



17

ਉਹਨਾਂ ਨੂੰ ਕਿੰਨੀ ਖੁਸ਼ੀ ਮਹਿਸੂਸ ਹੋਈ ਹੋਵੇਗੀ; ਉਹ ਯਿਸੂ ਦੇ ਕਿੰਨੇ ਅਹਿਸਾਨ ਮੰਦ ਹੋਣਗੇ। ਉਹਨਾਂ ਦਾ ਅਨੋਖਾ ਪਿਆਰ ਅਤੇ ਤਾਕਤ ਉਹਨਾਂ ਦੀ ਬੇਟੀ ਨੂੰ ਮੌਤ ਤੋਂ ਵਾਪਸ ਲੈ ਆਇਆ।



18

ਲੜਕੀ ਜਿਸ ਨੂੰ ਦੋਬਾਰਾ ਜੀਵਣ ਮਿਲਿਆ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਮਰਕੁਸ ਦੀ ਇੰਜੀਲ 5, ਲੂਕਾ ਦੀ ਇੰਜੀਲ 8

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੌਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੁੰਨਾ ਦੀ ਇੰਜੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।